- ਕਿਸੇ ਹੋਰ ਦੇ ਸ਼ਬਦਾਂ ਅਤੇ/ਜਾਂ ਖਿਆਲਾਂ ਨੂੰ ਆਪਣੇ ਬਣਾ ਕੇ ਪੇਸ਼ ਕਰਨ ਨੂੰ ਸਾਹਿਤਕ ਚੋਰੀ ਕਹਿੰਦੇ ਹਨ। ਇਸ ਨੂੰ ਇਕ ਬਹੁਤ ਗੰਭੀਰ ਅਵੱਗਿਆ ਸਮਝਿਆ ਜਾਂਦਾ ਹੈ।
- ਨਿੱਜੀ ਯੋਜਨਾਬੰਦੀ ਅਤੇ ਪਰਿਵਾਰਕ ਜ਼ਿੰਦਗੀ ਦੀ ਪੜ੍ਹਾਈ, ਪਾਠਕ੍ਰਮ ਦਾ ਇਕ ਜ਼ਰੂਰੀ ਹਿੱਸਾ ਹੈ।
- ਮੁੰਡਿਆਂ ਅਤੇ ਕੁੜੀਆਂ ਦੋਨਾਂ ਲਈ ਸਰੀਰਕ ਸਿਖਿਆ ਪਾਠਕ੍ਰਮ ਦਾ ਹਿੱਸਾ ਹੈ।
- ਕਿਸੇ ਵੀ ਕਾਰਨ ਕਰਕੇ ਵਿਦਿਆਰਥੀਆਂ ਦੇ ਮਾਰਨਾ ਕਾਨੂੰਨ ਦੇ ਖਿਲਾਫ ਹੈ।

## ▶ ਇਸ ਚੀਜ਼ ਦਾ ਮੈਨੂੰ ਕਿਵੇਂ ਪਤਾ ਲੱਗੇਗਾ ਕਿ ਸਕੂਲ ਵਿਚ ਮੇਰੇ ਬੱਚੇ ਦੀ ਪੜ੍ਹਾਈ ਕਿਵੇਂ ਚੱਲ ਰਹੀ ਹੈ?

- ਆਰੰਭ ਵਿਚ ਤੁਹਾਡੇ ਬੱਚੇ ਦੀ ਅੰਗਰੇਜ਼ੀ ਵਰਤਣ ਦੀ ਸਮਰਥਾ ਦਾ ਪਤਾ ਲਾਇਆ ਜਾਵੇਗਾ।
- ਸਾਰੇ ਵਿਦਿਆਰਥੀਆਂ ਦੀ ਸਾਰੇ ਵਿਸ਼ਿਆਂ ਵਿਚ ਸਮਰਥਾ ਦਾ ਪਤਾ ਨੇਮ ਨਾਲ ਕੁਝ ਵਕਫੇ ਬਾਅਦ ਲਾਇਆ ਜਾਂਦਾ ਹੈ।
- ਵਿਦਿਆਰਥੀ ਦੀ ਤਰੱਕੀ ਬਾਰੇ ਰਸਮੀ ਰਿਪੋਰਟਾਂ, ਸਿਖਾਂਦਰੂਆਂ ਦੀ ਉਮਰ ਮੁਤਾਬਕ ਵੱਖ ਵੱਖ ਹੁੰਦੀਆਂ ਹਨ। ਪ੍ਰਾਇਮਰੀ ਦੇ ਵਿਦਿਆਰਥੀਆਂ (ਕੇ-3) ਨੂੰ ਲੈਟਰ ਗਰੇਡ ਨਹੀਂ ਦਿੱਤੇ ਜਾਂਦੇ।
- ਈ ਐੱਸ ਐੱਲ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਸਿੱਖਣ ਦੇ ਮੁਢਲੇ ਪੜਾਵਾਂ ਤੇ ਲੈਟਰ ਗਰੇਡ ਨਹੀਂ ਦਿੱਤੇ ਜਾਂਦੇ। ਇਸ ਕੇਸ ਵਿਚ, ਅਧਿਆਪਕ ਲਿਖਤੀ ਵਿਚਾਰ ਦਿੰਦੇ ਹਨ।
- ਜਦੋਂ ਲੈਟਰ ਗਰੇਡ ਦਿੱਤੇ ਵੀ ਜਾਂਦੇ ਹਨ, ਉਨ੍ਹਾਂ ਦਾ ਇੱਥੇ ਮਤਲਬ ਵੱਖਰਾ ਹੋ ਸਕਦਾ ਹੈ। ਸਪਸ਼ਟ ਕਰਨ ਲਈ ਆਪਣੇ ਬੱਚੇ ਦੇ ਅਧਿਆਪਕਾਂ ਨੂੰ ਪੁੱਛੋ।

## ▶ ਮੈਂ ਆਪਣੇ ਬੱਚੇ ਦੀ ਕਿਵੇਂ ਮਦਦ ਕਰ ਸਕਦਾ/ ਸਕਦੀ ਹਾਂ?

- ਘਰ ਨੂੰ ਦਿੱਤਾ ਕੰਮ ਅਤੇ ਪੜ੍ਹਾਈ ਕਰਨ ਲਈ ਘਰ ਵਿਚ ਇਕ ਸ਼ਾਂਤ ਥਾਂ ਬਣਾਉ ਅਤੇ ਪੱਕਾ ਸਮਾਂ ਨਿਸ਼ਚਤ ਕਰੋ।
- ਸਕੂਲ ਵਿਚ ਜੋ ਹੋ ਰਿਹਾ ਹੈ, ਉਸ ਬਾਰੇ ਆਪਣੇ ਬੱਚੇ ਨਾਲ ਗੱਲ ਕਰੋ।
- ਆਪਣੇ ਬੱਚੇ ਨੂੰ ਉਤਸ਼ਾਹ ਦਿਉ ਕਿ ਉਹ ਤੁਹਾਨੂੰ ਸਕੂਲ ਦਾ ਆਪਣਾ ਸਾਰਾ ਕੰਮ ਦਿਖਾਵੇ।
- ਆਪਣੇ ਬੱਚੇ ਨਾਲ ਪੜ੍ਹੋ।
- ਕੋਈ ਨਵੀਂ ਬੋਲੀ ਸਿੱਖਣ ਲਈ ਬਹੁਤ ਸਾਰੀ ਸ਼ਕਤੀ ਚਾਹੀਦੀ ਹੈ। ਇਹ ਯਕੀਨੀ ਬਣਾਉ ਕਿ ਤੁਹਾਡੇ ਬੱਚੇ ਨੂੰ ਪੂਰਾ ਆਰਾਮ ਮਿਲ ਰਿਹਾ ਹੈ।
- ਸਕੂਲ ਤੋਂ ਬਾਹਰ ਅੰਗਰੇਜ਼ੀ ਦੀ ਵਰਤੋਂ ਕਰਨ ਦੇ ਮੌਕੇ ਲੱਭਣ ਵਿਚ ਆਪਣੇ ਬੱਚੇ ਦੀ ਮਦਦ ਕਰੋ।
- ਧੀਰਜ ਰੱਖੋ। ਇਹ ਗੱਲ ਸਮਝੋ ਕਿ ਕੋਈ ਬੋਲੀ ਸਿੱਖਣਾ ਇਕ ਗੁੰਝਲਦਾਰ ਅਤੇ ਲੰਮਾ-ਸਮਾਂ ਚੱਲਣ ਵਾਲਾ ਕਾਰਜ ਹੈ।





# ਈ ਐੱਸ ਐੱਲ ਸਹਾਇਤਾ ਕੀ ਹੈ?

▶ **ਈ ਐੱਸ ਐੱਲ ਸਹਾਇਤਾ** (ਅੰਗਰੇਜ਼ੀ ਦੂਜੀ ਬੋਲੀ ਵਜੋਂ) ਸਕੂਲ ਦੀ ਇਕ ਵਾਧੂ ਸਰਵਿਸ ਹੈ ਜਿਹੜੀ ਤੁਹਾਡੇ ਬੱਚਿਆਂ ਨੂੰ ਗਰੇਡ-ਪੱਧਰ ਦੀ ਜਮਾਤ ਵਿਚ ਕਾਮਯਾਬ ਹੋਣ ਦੇ ਯੋਗ ਬਣਾਉਣ ਲਈ ਦਿੱਤੀ ਜਾਂਦੀ ਹੈ। ਬੱਚਿਆਂ ਦੇ ਅੰਗਰੇਜ਼ੀ ਬੋਲੀ ਦੇ ਹੁਨਰ, ਸਭਿਆਚਾਰਕ ਗਿਆਨ ਅਤੇ ਪੜ੍ਹਾਈ ਦੀਆਂ ਯੁਗਤਾਂ ਵਿਕਸਤ ਕਰਨ ਵਿਚ ਮਦਦ ਕਰਨ ਲਈ ਈ ਐੱਸ ਐੱਲ ਅਧਿਆਪਕ, ਜਮਾਤ ਦੇ ਅਧਿਆਪਕਾਂ ਨਾਲ ਰਲ ਕੇ ਕੰਮ ਕਰਦੇ ਹਨ, ਜਿਨ੍ਹਾਂ ਯੁਗਤਾਂ ਦੀ ਬੱਚਿਆਂ ਨੂੰ ਬੀ.ਸੀ. ਦੇ ਸਕੂਲ ਪਾਠਕ੍ਰਮ ਵਿਚ ਕਾਮਯਾਬੀ ਨਾਲ ਪੜ੍ਹਾਈ ਕਰਨ ਲਈ ਲੋੜ ਪਵੇਗੀ।

PUNJABI

## ਈ ਐੱਸ ਐੱਲ ਸਹਾਇਤਾ ਕਿਸ ਤਰ੍ਹਾਂ ਦੀ ਹੋ ਸਕਦੀ ਹੈ?

ਤੁਹਾਡੇ ਇਲਾਕੇ ਮੁਤਾਬਕ, ਈ ਐੱਸ ਐੱਲ ਸਹਾਇਤਾ ਤਿੰਨਾਂ ਤਰੀਕਿਆਂ ਵਿਚੋਂ ਇਕ ਤਰੀਕੇ ਰਾਹੀਂ ਦਿੱਤੀ ਜਾ ਸਕਦੀ ਹੈ:

- ਸਿਰਫ ਈ ਐੱਸ ਐੱਲ ਸਿੱਖਣ ਵਾਲਿਆਂ ਦੀਆਂ ਜਮਾਤਾਂ ਵਿਚ
- ਬਾਹਰੋਂ ਸਹਾਇਤਾ – ਬੋਲੀ ਦੀਆਂ ਖਾਸ ਹਿਦਾਇਤਾਂ ਲਈ ਛੋਟੇ ਗਰੁੱਪਾਂ ਵਿਚ
- ਜਮਾਤ ਵਿਚ ਸਹਾਇਤਾ– ਸਹਾਇਤਾ ਕਰਨ ਵਾਲਾ ਅਧਿਆਪਕ, ਜਮਾਤ ਦੀ ਪੜ੍ਹਾਈ ਵਿਚ ਮਦਦ ਕਰਦਾ ਹੈ

## ਕੋਈ ਨਵੀਂ ਬੋਲੀ ਸਿੱਖਣ ਲਈ ਕੀ ਕਰਨਾ ਪੈਂਦਾ ਹੈ?

ਕੋਈ ਨਵੀਂ ਬੋਲੀ ਸਿੱਖਣਾ ਜ਼ਿਆਦਾ ਗੁੰਝਲਦਾਰ ਹੈ ਅਤੇ ਅਜਿਹਾ ਹੋਣ ਨੂੰ ਬਹੁਤੇ ਲੋਕਾਂ ਦੀ ਸੋਚ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ। ਇਹ ਸਹੀ ਵਿਆਕਰਣ ਅਤੇ ਸ਼ਬਦਾਵਲੀ ਸਿੱਖਣ ਨਾਲੋਂ ਕਿਤੇ ਜ਼ਿਆਦਾ ਕੰਮ ਹੈ। ਇਸੇ ਕਰਕੇ ਹੀ ਅਕਾਦਮਿਕ ਤੌਰ ਤੇ ਕਾਮਯਾਬ ਹੋਣ ਲਈ ਲੋੜੀਂਦੀ ਅੰਗਰੇਜ਼ੀ ਸਿੱਖਣ ਨੂੰ ਕਈ ਸਾਲ ਲੱਗ ਸਕਦੇ ਹਨ।

ਸ਼ੁਰੂ ਵਿਚ ਤੁਹਾਡਾ ਬੱਚਾ:

- ਬਹੁਤ ਥੋੜ੍ਹੀ ਅੰਗਰੇਜ਼ੀ ਸੁਣ ਅਤੇ ਬੋਲ ਸਕਦਾ ਹੈ, ਜੇ ਅਜਿਹਾ ਹੋ ਸਕਦਾ ਹੋਵੇ
- ਆਪਣੇ ਦੋਸਤਾਂ ਨਾਲ ਬੋਲਣ ਵੇਲੇ ਸੌਖੀ ਅੰਗਰੇਜ਼ੀ ਵਰਤ ਸਕਦਾ ਹੈ
- ਸ਼ਬਦ ਪੜ੍ਹ ਅਤੇ ਲਿਖ ਸਕਦਾ ਹੈ
- ਸੌਖੇ ਫਿਕਰਿਆਂ ਦੇ ਨਮੂਨਿਆਂ ਦੀ ਨਕਲ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਪੜ੍ਹ ਸਕਦਾ ਹੈ
- ਆਪਣੇ ਵਲੋਂ ਸੌਖੇ ਫਿਕਰੇ ਬਣਾ ਕੇ ਲਿਖ ਸਕਦਾ ਹੈ ਅਤੇ ਉਨ੍ਹਾਂ ਨੂੰ ਪੜ੍ਹ ਸਕਦਾ ਹੈ
- ਦੋਸਤਾਂ ਨਾਲ ਅੰਗਰੇਜ਼ੀ ਵਿਚ ਗੱਲ ਕਰ ਸਕਦਾ ਹੈ।

ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਅਧਿਆਪਕ ਸਮਾਜਿਕ ਬੋਲੀ ਸਿਖਿਆ ਕਹਿੰਦੇ ਹਨ।



ਜੇ ਵਿਦਿਆਰਥੀਆਂ ਨੇ ਅਕਾਦਮਿਕ ਤੌਰ ਤੇ ਕਾਮਯਾਬ ਹੋਣਾ ਹੈ ਤਾਂ ਉਨ੍ਹਾਂ ਨੂੰ ਅੰਗਰੇਜ਼ੀ ਦਾ ਜ਼ਿਆਦਾ ਗੁੰਝਲਦਾਰ ਪੱਧਰ ਸਿੱਖਣ ਦੀ ਲੋੜ ਹੁੰਦੀ ਹੈ, ਜਿਸ ਵਿਚ ਹੋਰ ਵਿਸ਼ਿਆਂ ਦੀ ਬੋਲੀ ਵੀ ਸ਼ਾਮਲ ਹੁੰਦੀ ਹੈ (ਜਿਵੇਂ ਸਮਾਜਿਕ ਅਧਿਐਨ, ਸਾਇੰਸ, ਹਿਸਾਬ)। ਅਕਾਦਮਿਕ ਅੰਗਰੇਜ਼ੀ ਸਿਖਣਾ ਕਾਫੀ ਜ਼ਿਆਦਾ ਗੁੰਝਲਦਾਰ ਹੈ ਅਤੇ ਇਸ ਨੂੰ ਸਿੱਖਣ ਲਈ ਸਮਾਜਿਕ ਬੋਲੀ ਸਿਖਿਆ ਨਾਲੋਂ ਕਾਫੀ ਜ਼ਿਆਦਾ ਸਮਾਂ ਲੱਗਦਾ ਹੈ।

ਇਸ ਪੱਧਰ ਦੀ ਕਾਮਯਾਬੀ ਵਿਚ ਇਹ ਸ਼ਾਮਲ ਹਨ:

- ਵਾਜਬ ਢੰਗ ਨਾਲ ਵਿਸ਼ੇ ਦੀ ਸ਼ਬਦਾਵਲੀ ਦੀ ਵਰਤੋਂ ਕਰਨਾ
- ਵਿਸ਼ੇ ਦੀਆਂ ਕਿਤਾਬਾਂ ਨੂੰ ਸਮਝ ਕੇ ਪੜ੍ਹਨਾ
- ਜਾਣਕਾਰੀ ਨੂੰ ਵਰਣਨ ਕਰਨ, ਉਸ ਨੂੰ ਰੁਖ ਸਿਰ ਰੱਖਣ, ਮੁੱਲਾਂਕਣ ਕਰਨ ਅਤੇ ਲੜੀਬੱਧ ਰੱਖਣ ਦੇ ਯੋਗ ਹੋਣਾ
- ਇਹ ਸਮਝਣਾ ਕਿ ਚੋਣ ਕਿਵੇਂ ਕਰਨੀ ਹੈ ਜਾਂ ਤੁਲਨਾ ਕਰਨ ਅਤੇ ਫਰਕਾਂ, ਕਾਰਨ ਅਤੇ ਅਸਰ, ਆਦਿ ਦੇ ਸਿਧਾਂਤਾਂ ਦਾ ਪਤਾ ਲਾਉਣਾ
- ਅੱਖਰਾਂ ਦੀ ਸੂਝ ਤੋਂ ਅਗਾਂਹ ਜਾਣ ਦੇ ਯੋਗ ਹੋਣਾ।

ਬੋਲੀ ਸਿੱਖਣਾ ਲੰਮਾ ਅਤੇ ਗੁੰਝਲਦਾਰ ਕੰਮ ਹੋਣ ਕਰਕੇ ਕੁਝ ਵਿਦਿਆਰਥੀਆਂ ਨੂੰ ਸਕੂਲ ਦੀ ਜ਼ਿੰਦਗੀ ਔਖੀ ਲੱਗਦੀ ਹੈ। ਤੁਸੀਂ ਅੱਗੇ ਲਿਖੀਆਂ ਵਿਚੋਂ ਕੁਝ ਜਾਂ ਸਾਰੀਆਂ ਚੀਜ਼ਾਂ ਦਾ ਖਿਆਲ ਰੱਖ ਸਕਦੇ ਹੋ:

- ਪਹਿਲੇ ਮਹੀਨਿਆਂ ਦਾ ਉਤਸ਼ਾਹ ਅਤੇ ਜੋਸ਼, ਢਹਿੰਦੀ ਕਲਾ ਅਤੇ ਗੁੱਸੇ ਵਿਚ ਬਦਲ ਜਾਣਾ।
- ਅੰਗਰੇਜ਼ੀ ਵਿਚ ਬੋਲਣ ਤੋਂ ਨਾਂਹ ਜਾਂ ਬਹੁਤ ਘੱਟ ਅੰਗਰੇਜ਼ੀ ਬੋਲਣਾ।
- ਆਮ ਹੀ ਠੀਕ ਨਾ ਮਹਿਸੂਸ ਕਰਨਾ ਜਾਂ ਸਕੂਲ ਨੂੰ ਜਾਣ ਨੂੰ ਬਿਲਕੁਲ ਦਿਲ ਨਾ ਕਰਨਾ।
- ਆਪਣੀ ਬੋਲੀ ਅਤੇ ਸਭਿਆਚਾਰ ਨੂੰ ਮਾੜਾ ਕਹਿਣਾ।
- ਘਰ ਅਤੇ ਸਕੂਲ ਦੋਨੋਂ ਥਾਈਂ ਵਤੀਰੇ ਵਿਚ ਤਬਦੀਲੀਆਂ ਆਉਣਾ।
- ਪਰਿਵਾਰ ਨਾਲ ਸਮਾਂ ਬਿਤਾਉਣ ਦੀ ਥਾਂ ਦੋਸਤਾਂ ਨਾਲ ਸਮਾਂ ਬਿਤਾਉਣ ਨੂੰ ਜ਼ਿਆਦਾ ਮਹੱਤਵਪੂਰਨ ਸਮਝਣਾ।

ਇਹੋ ਜਿਹੇ ਵਤੀਰੇ ਅਤੇ ਤੌਰ-ਤਰੀਕੇ ਪੈਦਾ ਹੋਣਾ ਆਮ ਗੱਲ ਹੈ ਅਤੇ ਅਕਸਰ ਸਮਾਂ ਪਾ ਕੇ ਹਟ ਜਾਂਦੇ ਹਨ। ਜੇ ਤੁਸੀਂ ਆਪਣੇ ਬੱਚੇ ਬਾਰੇ ਚਿੰਤਤ ਹੋ ਤਾਂ ਸਕੂਲ ਵਿਚ ਆਪਣੇ ਬੱਚੇ ਦੀ ਕਲਾਸ ਅਤੇ ਈ ਐੱਸ ਐੱਲ ਅਧਿਆਪਕ ਨਾਲ ਗੱਲ ਕਰੋ।

## ਬ੍ਰਿਟਿਸ਼ ਕੋਲੰਬੀਆ ਵਿਚ ਪੜ੍ਹਾਈ ਵੱਖਰੀ ਕਿਵੇਂ ਹੈ?

- ਸਕੂਲ ਵਿਚ ਜਾਣਾ ਜ਼ਰੂਰੀ ਹੈ।
- ਸਿਖਿਆ ਕਈ ਵੱਖ ਵੱਖ ਤਰੀਕਿਆਂ ਰਾਹੀਂ ਗ੍ਰਹਿਣ ਹੁੰਦੀ ਹੈ, ਜਿਸ ਵਿਚ ਇਹ ਵੀ ਸ਼ਾਮਲ ਹਨ: ਖੇਡਾਂ ਖੇਡਣਾ, ਗਾਉਣਾ, ਸੰਗੀਤ, ਡਰਾਮਾ, ਕਲਾ, ਗਰੁੱਪਾਂ ਵਿਚ ਕੰਮ ਕਰਨਾ ਅਤੇ ਵਿਦਿਆਰਥੀਆਂ ਦਾ ਦੂਜੇ ਵਿਦਿਆਰਥੀਆਂ ਨਾਲ ਗੱਲਾਂ ਕਰਨਾ।
- ਤਜਰਬੇ ਗ੍ਰਹਿਣ ਕਰਨ ਲਈ ਸਕੂਲ ਤੋਂ ਬਾਹਰ ਜਾਣ ਨੂੰ ਪੜ੍ਹਾਈ ਦਾ ਇਕ ਮਹੱਤਵਪੂਰਨ ਹਿੱਸਾ ਸਮਝਿਆ ਜਾਂਦਾ ਹੈ (ਜਿਵੇਂ ਫੀਲਡ ਟਰਿੱਪ)
- ਪੜ੍ਹਨ ਲਈ ਘੋਟਾ ਲਾਉਣ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ।
- ਘਰ ਨੂੰ ਦਿੱਤਾ ਕੰਮ ਸਕੂਲੀ ਜ਼ਿੰਦਗੀ ਦਾ ਹਿੱਸਾ ਹੈ। ਸਾਰੇ ਵਿਦਿਆਰਥੀਆਂ ਤੋਂ ਘਰ ਨੂੰ ਦਿੱਤਾ ਕੰਮ ਪੂਰਾ ਕਰਨ ਦੀ ਆਸ ਰੱਖੀ ਜਾਂਦੀ ਹੈ। ਪ੍ਰਾਇਮਰੀ ਵਿਚਲੇ ਵਿਦਿਆਰਥੀਆਂ (ਕੇ-3) ਤੋਂ ਘਰ ਵਿਚ ਪੜ੍ਹਨ ਦੀ ਆਸ ਰੱਖੀ ਜਾਂਦੀ ਹੈ ਪਰ ਉਨ੍ਹਾਂ ਨੂੰ ਲਿਖਣ ਲਈ ਬਹੁਤਾ ਕੰਮ ਨਹੀਂ ਦਿੱਤਾ ਜਾਂਦਾ। ਵੱਡੇ ਵਿਦਿਆਰਥੀਆਂ ਨੂੰ ਰੋਜ਼ ਪੜ੍ਹਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਨੇਮ ਨਾਲ ਘਰ ਵਿਚ ਕਰਨ ਲਈ ਕੰਮ ਦਿੱਤਾ ਜਾਂਦਾ ਹੈ।
- ਅਧਿਆਪਕ-ਵਿਦਿਆਰਥੀ ਵਿਚਕਾਰ ਨਾਤਾ ਅਕਸਰ ਮੁਨਾਸਬ ਤੌਰ ਤੇ ਗੈਰਰਸਮੀ ਹੁੰਦਾ ਹੈ।
- ਅਧਿਆਪਕ, ਮਾਪਿਆਂ ਨਾਲ ਗੈਰਰਸਮੀ ਸੰਪਰਕ ਅਤੇ ਰਿਪੋਰਟਾਂ ਵੇਲੇ ਸੰਪਰਕ ਦਾ ਸੁਆਗਤ ਕਰਦੇ ਹਨ।
- ਜਿਵੇਂ ਜਿਵੇਂ ਵਿਦਿਆਰਥੀ ਵੱਡੇ ਹੁੰਦੇ ਹਨ, ਤਿਵੇਂ ਤਿਵੇਂ ਉਨ੍ਹਾਂ ਤੋਂ ਆਪਣੀ ਪੜ੍ਹਾਈ ਦੀ ਜ਼ਿਆਦਾ ਤੋਂ ਜ਼ਿਆਦਾ ਜ਼ਿੰਮੇਵਾਰੀ ਲੈਣ ਦੀ ਆਸ ਰੱਖੀ ਜਾਂਦੀ ਹੈ।



### ਆਪਣੇ ਬੱਚੇ ਨਾਲ ਕੀ ਮੈਨੂੰ ਆਪਣੀ ਮਾਂ ਬੋਲੀ ਵਿਚ ਗੱਲ ਕਰਨੀ ਜਾਰੀ ਰੱਖਣੀ ਚਾਹੀਦੀ ਹੈ?

ਹਾਂ! ਖੋਜ ਤੋਂ ਇਸ ਚੀਜ਼ ਦੇ ਕਾਫੀ ਸਬੂਤ ਮਿਲੇ ਹਨ ਕਿ ਜਿੰਨੀ ਜ਼ਿਆਦਾ ਕਿਸੇ ਵਿਦਿਆਰਥੀ ਨੂੰ ਆਪਣੀ ਮਾਂ ਬੋਲੀ ਆਉਂਦੀ ਹੋਵੇਗੀ, ਉਤਨਾ ਜ਼ਿਆਦਾ ਹੀ ਉਹ ਦੂਜੀ ਬੋਲੀ ਸਿੱਖਣ ਵਿਚ ਕਾਮਯਾਬ ਹੋਣਗੇ।